ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁੱਰਖਿਆ ਵਿਭਾਗ, ਪੰਜਾਬ,
ਦਫ: ਵਣ ਮੰਡਲ ਅਫਸਰ,
ਨੇੜੇ ਪਿੰਡ ਉਸਮਾਨ ਸ਼ਹੀਦ, ਦਸੂਹਾ, ਜਿਲ੍ਹਾ: ਹੁਸ਼ਿਆਰਪੁਰ।
(ਫੋਨ ਨੰ: 01883-283007, ਈ-ਮੇਲ dfodasuya@gmail.com)

ਸੇਵਾ ਵਿਖੇ,

ਵਧੀਕ ਪ੍ਰਧਾਨ ਮੁੱਖ ਵਣ ਪਾਲ (FC) ਅਤੇ
ਨੋਡਲ ਅਫਸਰ, (FCA)
ਵਣ ਭਵਨ, ਸੈਕਟਰ-68,
ਸਾਹਿਬਜਾਦਾ ਅਜੀਤ ਸਿੰਘ ਨਗਰ।

ਨੰਬਰ/ਐਫ.ਸੀ.ਏ/1980/209 ਮਿਤੀ 03/5/2021

ਵਿਸ਼ਾ: **Diversion of 0.5392 ha of forest land for construction of Marriage Palace on Mukerian to Talwara Road Km 22-23 L/s at village Sathwan P.O Fatehpur Tehsil Mukerian Distt. Hoshiarpur under Dasuya forest Division ( Under Section 4 & 5 PLPA 1900) Proposal No – FP/PB/Others/31455/2018**

ਹਵਾਲਾ: ਆਪ ਜੀ ਦੇ ਦਫਤਰ ਦਾ ਪੱਤਰ File No. FOREST-FCA0FC3D/2/2021 FCA ਮਿਤੀ 15-02-2021

-*-

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤਜਵੀਜ ਨਾਲ ਸਬੰਧਤ ਦਸਤਾਵੇਜ ਆਨ- ਲਾਈਨ ਪੋਰਟਲ ਦੇ ਪਾਰਟ-2 ਦੇ ਅਡੀਸ਼ਨਲ ਡੀਟੇਲ ਵਿੱਚ ਅੱਪ ਲੋਡ ਕਰ ਦਿੱਤੇ ਗਏ ਹਨ। ਇਸ ਤੋ ਇਲਾਵਾ ਆਪ ਜੀ ਨੂੰ ਦੱਸਣਾ ਯੋਗ ਹੋਵੇਗਾ ਕਿ ਵਣ ਰੇਂਜ ਅਫਸਰ ਤਲਵਾੜਾ-2 ਵਲੋ ਆਪਣੇ ਪੱਤਰ ਨੰਬਰ 595 ਮਿਤੀ 20-04-2021 ਰਾਂਹੀ ਇਸ ਦਫਤਰ ਨੂੰ ਰਿਪੋਟ ਕੀਤੀ ਹੈ ਕਿ ਯੂਜਰ ਏਜੰਸੀ ਵਲੋ ਮੌਕੇ ਤੇ 1285.33 ਵਰਗ ਮੀਟਰ ਰਕਬੇ ਵਿੱਚ ਐਫ.ਸੀ.ਏ 1980 ਦੀ ਉਲੰਘਣਾ ਕੀਤੀ ਗਈ ਹੈ। ਇਸ ਤੇ ਕਾਰਵਾਈ ਕਰਦੇ ਹੋਏ ਡੈਮਿਜ ਰਿਪੋਟ ਨੰਬਰ 64632 ਮਿਤੀ 07-03-2021 ਚਾਕ ਕੀਤੀ ਗਈ ਹੈ (ਕਾਪੀ ਨੱਥੀ)। ਇਸ ਕੇਸ ਵਿੱਚ ਯੂਜਰ ਏਜੰਸੀ ਵੱਲੋਂ ਮਹੀਨਾ 03/2021 ਨੂੰ ਵਣ ਐਕਟ 1980 ਦੀ ਉਲੰਘਣਾ ਕੀਤੀ ਗਈ ਹੈ ਜਿਸ ਸਬੰਧੀ ਯੂਜਰ ਏਜੰਸੀ ਨੂੰ 02 ਗੁਣਾ ਪੀਨਲ ਸੀ.ਏ. ਪਾਉਣ ਦੀ ਸਿਫਾਰਸ ਕੀਤੀ ਜਾਂਦੀ ਹੈ ਕਿਉਂਕਿ ਐਫ.ਸੀ.ਏ. ਦੇ ਕੇਸਾਂ ਵਿੱਚ ਯੂਜਰ ਏਜੰਸੀ ਵੱਲੋਂ ਕੀਤੀ ਜਾ ਰਹੀ ਉਲੰਘਣਾ ਸਬੰਧੀ ਮਾਨਯੋਗ ਮੁੱਖ ਸਕੱਤਰ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15/06/2009 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੇ ਲੜੀ ਨੰ: 4 ਅਨੁਸਾਰ ਫੈਸਲਾ ਲਿਆ ਗਿਆ ਸੀ ਕਿ

*"4. Criteria for recommendation of imposition of Penal Compensatory Afforestation in cases of regularization of violation under FCA, 1980.*

ਵਿੱਤੀ ਕਮਿਸਨਰ ਵਣ ਵੱਲੋਂ ਮੁੱਖ ਸਕੱਤਰ, ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹ ਮੁੱਦ ਵਿਭਾਗ ਦੇ ਆਪਣੇ ਕੰਮ ਕਾਜ ਨਾਲ ਸਬੰਧੀ ਹੋਣ ਕਰਕੇ ਏਜੰਡੇ ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਏਜੰਡੇ ਵਿੱਚ ਕੀਤੀ ਗਈ ਤਜਵੀਜ ਅਨੁਸਾਰ ਕਾਰਵਾਈ ਕਰਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹਨਾਂ ਹਦਾਇਤਾਂ ਅਨੁਸਾਰ ਜਿਨ੍ਹਾਂ ਕੇਸਾਂ ਵਿੱਚ ਯੂਜਰ ਏਜੰਸੀ ਵੱਲੋਂ ਕਿਸੇ ਹੋਰ ਸਰਕਾਰ ਅਦਾਰੇ ਤੋਂ ਪ੍ਰਵਾਨਗੀ/ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਤਾਂ ਉਨ੍ਹਾਂ ਕੇਸਾਂ ਵਿੱਚ 02 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸਨ ਕਾਸਟ ਪਾਉਣ



Scanned with CamScanner

ਅਤੇ ਜਿਨ੍ਹਾਂ ਕੇਸਾਂ ਵਿੱਚ ਯੂਜਰ ਏਜੰਸੀ ਵੱਲੋਂ ਕਿਸੇ ਸਰਕਾਰੀ ਅਦਾਰੇ ਦੀ ਪ੍ਰਵਾਨਗੀ/ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨ੍ਹਾਂ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਉਨ੍ਹਾਂ ਤੇ 10 ਗੁਣਾ ਕੰਪਨਸੇਟਰੀ ਅਫਾਰਸਟੇਸਨ ਪਾਉਣ ਦੀ ਸਿਫਾਰਿਸ ਕੀਤੀ ਜਾਂਦੀ ਹੈ।

ਉਪਰੋਕਤ ਹੋਏ ਫੈਸਲੇ ਨੂੰ ਮੁੱਖ ਰੱਖਦੇ ਹੋਏ ਇਸ ਕੇਸ ਵਿੱਚ ਯੂਜਰ ਏਜੰਸੀ ਵੱਲੋਂ ਕਾਰਜਕਾਰੀ ਇੰਜੀਨੀਅਰ , ਉਸਾਰੀ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ, ਮੁਕੇਰੀਆ ਦੀ ਐਨ.ਓ.ਸੀ. ਮਿਤੀ 08-01-2018 ਨੂੰ ਪ੍ਰਾਪਤ ਕੀਤੀ ਗਈ ਹੈ ਅਤੇ ਯੂਜਰ ਏਜੰਸੀ ਵੱਲੋਂ ਐਫ.ਸੀ.ਏ. 1980 ਦੀ ਉਲੰਘਣਾ ਮਿਤੀ/ਮਹੀਨਾ /2021 ਨੂੰ ਕੀਤੀ ਗਈ ਹੈ। ਯੂਜਰ ਏਜੰਸੀ ਵੱਲੋਂ ਇਸ ਕੇਸ ਵਿੱਚ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ, ਮੁਕੇਰੀਆ ਦੀ ਐਨ.ਓ.ਸੀ. ਉਲੰਘਣਾ ਕਰਨ ਤੋਂ ਪਹਿਲਾਂ ਪ੍ਰਾਪਤ ਕੀਤੀ ਗਈ ਹੈ। ਇਸ ਲਈ ਉਕਤ ਫੈਸਲੇ ਅਨੁਸਾਰ ਯੂਜਰ ਏਜੰਸੀ ਨੂੰ 02 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸਨ ਅਤੇ 02 ਗੁਣਾ ਪੀਨਲ ਐਨ.ਪੀ.ਵੀ ਪਾਉਣ ਲਈ ਸਿਫਾਰਿਸ ਕੀਤੀ ਜਾਂਦੀ ਹੈ।

ਇਸ ਕੇਸ ਵਿੱਚ ਕੰਪਨਸੇਟਰੀ ਅਫਾਰਸਟੇਸਨ ਲਈ **1.348** ਹੈਕਟਰ ਏਰੀਆ ਅਤੇ 2 ਗੁਣਾਂ ਪੀਨਲ ਸੀ.ਏ.ਲਈ 0.257 ਹੈਕਟਰ ਏਰੀਆ **Bai Channel R/s ( Bhusha Pull)** ਚੁਣਿਆ ਗਿਆ ਹੈ। ਇਸ ਸਬੰਧੀ ਯੂਜਰ ਏਜੰਸੀ ਵੱਲੋਂ ਕੰਪਨਸੇਟਰੀ ਅਫਾਰਸਟੇਸਨ ਲਈ ਬਣਦੀ ਰਕਮ 923347.65/- ਰੁਪਏ, ਐਂਟਰੀ ਪੁਆਇੰਟ ਐਕਟੀਵਿਟੀ ਲਈ 92334.76/- ਰੁਪਏ ਪੀਨਲ ਸੀ.ਏ. ਦੀ ਬਣਦੀ ਰਕਮ 176038.83/-ਰੁਪਏ, ( ਕੁੱਲ 1191721.24/- ਰੁਪਏ) ਅਤੇ ਡਾਇਵਰਟ ਹੋਣ ਵਾਲੇ ਵਣ ਰਕਬੇ ਦੀ ਨੈਟ ਪ੍ਰੇਜੈਂਟ ਵਾਲਿਉ 337539.20/- ਰੁਪਏ ਅਤੇ 2 ਗੁਣਾਂ ਪੀਨਲ ਐਨ.ਪੀ.ਵੀ. ਦੀ ਬਣਦੀ ਰਕਮ 675078.40/- ਰੁਪਏ + 12% Simple Interest for 1 year 81009.41 /- ਰੁਪਏ ਕੁੱਲ 1093627.01 ਰੁਪਏ (ਕੁੱਲ 2285348.25 ( Or Say 2285348 /- ਰੁਪਏ ) ਜਮਾਂ ਕਰਵਾਉਣ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ। ਰਿਵਾਇਜਡ ਪਾਰਟ-2, ਸੀ.ਏ ਸਕੀਮ ਸਾਈਟ ਇੰਨਸਪੈਕਸ਼ਨ ਰਿਪੋਟ, ਐਸਟੀਮੇਟ, ਪੀਨਲ ਸੀ.ਏ ਲੈਂਡ ਸੁਟੇਬਿਲਟੀ ਸਰਟੀਫਿਕੇਟ ,ਰਿਵਾਈਜਡ ਡੀ.ਜੀ.ਪੀ.ਐਸ ਮੈਪ ,ਵਾਇਓਲੇਸ਼ਨ ਰਿਪੋਟ , ਪੀਨਲ ਸੀ.ਏ ਲਈ ਯੂਜਰ ਏਜੰਸੀ ਪਾਸੋ ਪ੍ਰਾਪਤ ਕੀਤੀ ਅੰਡਰਟੇਕਿੰਗ ਆਨ ਲਾਈਨ ਪੋਰਟਲ ਵਿੱਚ ਅੱਪ ਕਰਨ ਉਪਰੰਤ ਨਾਲ ਨੱਥੀ ਕਰਕੇ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਦੀ ਹੈ।

ਨਿਮਨਹਸਤਾਖਰ ਵੱਲੋਂ ਇਸ ਕੇਸ ਦੀ ਪ੍ਰਵਾਨਗੀ ਲਈ ਸਿਫਾਰਸ ਕੀਤੀ ਜਾਂਦੀ ਹੈ।

ਵਣ ਮੰਡਲ ਅਫਸਰ,
ਦਸੂਹਾ।

ਪਿੱਠ ਅੰਕਣ ਨੰ: ਮਿਤੀ:

ਇਸ ਦੀ ਨਕਲ ਵਣ ਪਾਲ ਨਾਰਥ ਸਰਕਲ, ਪੰਜਾਬ ਹੁਸਿਆਰਪੁਰ ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਦਸੂਹਾ।

Scanned with CamScanner